**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**
**ਵਿੱਦਿਆ ਭਵਨ, ਈ-ਬਲਾਕ, ਪੰਜਵੀਂ ਮੰਜਿਲ, ਫੇਜ-8, ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ**
0172-5212318, 5212332, ssapunjab.mis@gmail.com

ਵੱਲ :

ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ

*ਮੀਮੋ ਨੰ :- ਸਸਅ/2017/ਐਮ.ਆਈ.ਐਸ./ਜਨਰਲ/4096*
*ਮਿਤੀ : ਚੰਡੀਗੜ੍ਹ 30 ਅਪ੍ਰੈਲ, 2017*

**ਵਿਸ਼ਾ : ਈਪੰਜਾਬਸਕੂਲ ਪੋਰਟਲ ਅਧੀਨ ਵਿਦਿਆਰਥੀਆਂ, ਸਟਾਫ ਅਤੇ ਬੁਨਿਆਦੀ ਢਾਂਚੇ ਦੇ ਡਾਟਾ ਨੂੰ ਮਹੀਨਾਵਾਰ ਅਪਡੇਟ ਕਰਨ ਸਬੰਧੀ।**

ਸਿੱਖਿਆ ਵਿਭਾਗ ਵਲੋਂ ਬਣਾਏ ਪੋਰਟਲ ਈਪੰਜਾਬਸਕੂਲ ਉੱਤੇ ਹਰ ਸਰਕਾਰੀ, ਏਡਿਡ ਅਤੇ ਪ੍ਰਾਈਵੇਟ ਸਕੂਲ ਨੂੰ ਲਾਗਇਨ ਅਤੇ ਪਾਸਵਰਡ ਮੁਹਈਆ ਕਰਵਾਇਆ ਗਿਆ ਹੈ। ਸਕੂਲਾਂ ਨੂੰ ਵਿਭਾਗ ਵਲੋਂ ਇਹ ਹਦਾਇਤ ਕੀਤੀ ਗਈ ਹੈ ਕਿ ਉਹ ਸਮੇਂ ਸਮੇਂ ਸਿਰ ਅੰਕੜਿਆਂ ਨੂੰ ਚੈੱਕ ਕਰਕੇ ਢੁਕਵੀਆਂ ਸੋਧਾਂ ਕਰਨ। ਪਰੰਤੂ ਇਹ ਆਮ ਦੇਖਣ ਵਿਚ ਆਇਆ ਹੈ ਕਿ ਬਹੁਤ ਸਾਰੇ ਸਕੂਲਾਂ ਵਲੋਂ ਪੋਰਟਲ ਉੱਤੇ ਅੰਕੜਿਆਂ ਨੂੰ ਅਪਡੇਟ ਨਹੀਂ ਕੀਤਾ ਜਾਂਦਾ।

ਜਿਲ੍ਹਾ ਦਫਤਰਾਂ ਵਲੋਂ ਕੁਝ ਸੀਨੀਅਰ ਸੈਕੰਡਰੀ ਅਤੇ ਹਾਈ ਸਕੂਲਾਂ ਨੂੰ ਨੋਡਲ ਸਕੂਲ ਬਣਾਇਆ ਗਿਆ ਹੈ ਅਤੇ ਨੇੜਲੇ ਪ੍ਰਾਇਮਰੀ ਸਕੂਲਾਂ ਨੂੰ ਇਨ੍ਹਾਂ ਸਕੂਲਾਂ ਨਾਲ ਜੋੜਿਆ ਗਿਆ ਹੈ ਤਾਂ ਜੋ ਪ੍ਰਇਮਰੀ ਸਕੂਲ ਆਪਣਾ ਡਾਟਾ ਇਨ੍ਹਾਂ ਨੋਡਲ ਸਕੂਲਾਂ ਦੀ ਮਦਦ ਨਾਲ ਪੋਰਟਲ ਉੱਤੇ ਸਮੇਂ ਸਮੇਂ ਸਿਰ ਅਪਡੇਟ ਕਰਵਾ ਸਕਣ।

ਹਰ ਸਕੂਲ ਵਲੋਂ ਪੋਰਟਲ ਉੱਤੇ ਇਹ ਜਰੂਰ ਦਰਜ ਕੀਤਾ ਜਾਵੇਗਾ ਕਿ ਉਸ ਸਕੂਲ ਦਾ ਮੁੱਖੀ / ਇੰਚਾਰਜ ਕੌਣ ਹੈ ਅਤੇ ਈਪੰਜਾਬਸਕੂਲ ਪੋਰਟਲ ਉੱਤੇ ਅੰਕੜੇ ਅਪਡੇਟ ਕਰਨ ਲਈ ਕਿਸ ਤਕਨੀਕੀ ਸਟਾਫ ਮੈਂਬਰ ਨੂੰ ਸਕੂਲ ਪੱਧਰ ਦਾ ਈਪੰਜਾਬਸਕੂਲ ਇੰਚਾਰਜ ਬਣਾਇਆ ਗਿਆ ਹੈ। ਸਕੂਲ ਮੁਖੀ / ਇੰਚਾਰਜ ਦੀ ਇਹ ਜਿੰਮੇਵਾਰੀ ਹੋਵੇਗੀ ਕਿ ਉਹ ਹਰ ਮਹੀਨੇ ਆਪਣੇ ਸਕੂਲ ਦੇ ਅੰਕੜਿਆਂ ਨੂੰ ਅਪਡੇਟ ਕਰਵਾਏ। *ਸਮੂਹ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਲਾਗਇਨ ਅਤੇ ਪਾਸਵਰਡ ਪਹਿਲਾਂ ਹੀ ਮੁਹਈਆ ਕਰਵਾਏ ਗਏ ਹਨ ਅਤੇ ਇਹ ਸਕੂਲ ਆਪਣੇ ਅੰਕੜੇ ਆਪ ਪੋਰਟਲ ਉੱਤੇ ਅਪਡੇਟ ਕਰਨਗੇ।* ਪ੍ਰਾਇਮਰੀ ਸਕੂਲ ਆਪਣਾ ਡਾਟਾ ਨੋਡਲ ਸਕੂਲ (ਜਿਸ ਨਾਲ ਉਨ੍ਹਾਂ ਨੂੰ ਜੋੜਿਆ ਗਿਆ ਹੈ) ਵਿਚ ਅਪਡੇਟ ਕਰਵਾ ਸਕਦੇ ਹਨ।

ਨੋਡਲ ਸਕੂਲ ਦੇ ਮੁਖੀ ਦੀ ਇਹ ਜਿੰਮੇਵਾਰੀ ਹੋਵੇਗੀ ਕਿ ਉਹ ਆਪਣੇ ਅਧੀਨ ਆਉਂਦੇ ਪ੍ਰਾਇਮਰੀ ਸਕੂਲਾਂ ਦੇ ਮੁਖੀਆਂ / ਇੰਚਾਰਜ ਤੋਂ ਹਰ ਮਹੀਨੇ ਈਪੰਜਾਬਸਕੂਲ ਪੋਰਟਲ ਉੱਤੇ ਅੰਕੜੇ ਅਪਡੇਟ ਕਰਵਾਏ। *ਜੇਕਰ ਕੋਈ ਸਕੂਲ ਸਮੇਂ ਸਿਰ ਅੰਕੜੇ ਅਪਡੇਟ ਨਹੀਂ ਕਰਦਾ ਤਾਂ ਨੋਡਲ ਸਕੂਲ ਮੁਖੀ ਅਜਿਹੇ ਸਕੂਲਾਂ ਖਿਲਾਫ ਕਾਰਵਾਈ*

ਲਈ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਨੂੰ ਲਿਖੇਗਾ ਤਾਂ ਜੋ ਮੁੱਖ ਦਫਤਰ ਵਲੋਂ ਉਨ੍ਹਾ ਖਿਲਾਫ ਕਾਰਵਾਈ ਤੁਰੰਤ ਆਰੰਭੀ ਜਾ ਸਕੇ। ਸਕੂਲ ਇਹ ਯਕੀਨੀ ਬਣਾ ਲੈਣ ਕੇ ਹੇਠ ਲਿਖੀ ਜਾਣਕਾਰੀ ਪੋਰਟਲ ਉੱਤੇ ਸਹੀ ਅਤੇ ਰਿਕਾਰਡ ਅਨੁਸਾਰ ਭਰੀ ਜਾਵੇ :-

1) ਸਕੂਲ ਦੇ ਬੁਨਿਆਦੀ ਢਾਂਚੇ ( Infrastructure) ਸਬੰਧੀ ਜਾਣਕਾਰੀ।
2) ਸਟਾਫ ਦੀ ਜਾਣਕਾਰੀ ਜਿਸ ਵਿਚ ਸਟਾਂਫ ਦਾ ਮੁਕੰਮਲ ਰਿਕਾਰਡ, ਤਰੱਕੀਆਂ, ਆਧਾਰ ਕਾਰਡ ਨੰਬਰ ਆਦਿ।
3) ਸਕੂਲ ਦੀਆਂ ਮੰਜੂਰ ਅਸਾਮੀਆਂ (Sanctioned Posts) ਦੀ ਸਹੀ ਜਾਣਕਾਰੀ।
4) ਸਕੂਲਾਂ ਵਿਚ ਮੌਜੂਦ ਕੰਪਿਊਟਰ ਪੈਰੀਫਿਰਲਜ਼ ਆਦਿ ਦੀ ਜਾਣਕਾਰੀ।
5) ਸਕੂਲਾਂ ਵਲੋਂ ਖੋਲੇ ਗਏ ਬੈਂਕ ਖਾਤਿਆਂ ਦੀ ਜਾਣਕਾਰੀ।
6) ਵਿਦਿਆਰਥੀਆਂ ਦੀ ਜਾਣਕਾਰੀ ਜਿਸ ਵਿਚ ਵਿਦਿਆਰਥੀ ਦੇ ਮੁਕੰਮਲ ਰਿਕਾਰਡ ਤੋਂ ਇਲਾਵਾ ਲੰਬਾਈ, ਭਾਰ, ਆਧਾਰ ਕਾਰਡ ਨੰਬਰ, ਘਰ ਦਾ ਪਤਾ, ਮਾਤਾ-ਪਿਤਾ ਵਿਚੋਂ ਕਿਸੇ ਇੱਕ ਦਾ ਮੋਬਾਇਲ ਨੰਬਰ, ਬੈਂਕ ਖਾਤਾ ਨੰਬਰ ਆਦਿ ਖਾਸ ਤੌਰ ਤੇ ਅਪਡੇਟ ਕੀਤਾ ਜਾਵੇ।
7) ਵਿਦਿਆਰਥੀਆਂ ਦੇ ਵਿਸ਼ੇ ਭਾਵ ਕਿਸ ਵਿਦਿਆਰਥੀ ਨੇ ਕਿਹੜੇ ਵਿਸ਼ੇ ਲਏ ਹੋਏ ਹਨ ਆਦਿ।

ਭਵਿੱਖ ਵਿਚ ਮੁੱਖ ਦਫਤਰ ਜਾਂ ਜਿਲ੍ਹਾ ਦਫਤਰਾਂ ਵਲੋਂ ਸਕੂਲਾਂ ਤੋਂ ਕਿਸੇ ਕਿਸਮ ਦੇ ਕੋਈ ਵੀ ਅੰਕੜੇ ਇਕੱਤਰ ਨਹੀਂ ਕੀਤੇ ਜਾਣਗੇ। ਸਕੂਲਾਂ ਵਲੋਂ ਈਪੰਜਾਬਸਕੂਲ ਪੋਰਟਲ ਉੱਤੇ ਅਪਡੇਟ ਕੀਤੇ ਅੰਕੜਿਆਂ ਨੂੰ ਹੀ ਸਹੀ ਮੰਨਿਆ ਜਾਵੇਗਾ ਅਤੇ ਇਨ੍ਹਾਂ ਅੰਕੜਿਆਂ ਨੂੰ ਹੀ ਵਰਤਿਆ ਜਾਵੇਗਾ। ਜੇਕਰ ਅੰਕੜਿਆਂ ਵਿਚ ਕਿਸੇ ਵੀ ਕਿਸਮ ਦੀ ਕੋਈ ਗਲਤੀ ਪਾਈ ਜਾਂਦੀ ਹੈ ਜਾਂ ਸਕੂਲ ਵਲੋਂ ਅੰਕੜੇ ਸਮੇਂ ਸਿਰ ਅਪਡੇਟ ਨਹੀਂ ਕੀਤੇ ਗਏ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁਖੀ ਦੀ ਹੋਵੇਗੀ ਅਤੇ ਉਸ ਖਿਲਾਫ, ਸਰਕਾਰ ਨੂੰ ਗਲਤ ਜਾਣਕਾਰੀ ਦੇਣ ਲਈ, ਸਖਤ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਇਹ ਯਕੀਨੀ ਬਣਾਇਆ ਜਾਵੇ ਕਿ ਮਿਤੀ 10-05-2017 ਤੱਕ ਹਰ ਸਕੂਲ ਦੀ ਸਹੀ ਜਾਣਕਾਰੀ ਪੋਰਟਲ ਉੱਤੇ ਅਪਡੇਟ ਹੋ ਜਾਵੇ ਅਤੇ ਪੋਰਟਲ ਉੱਤੇ ਈ-ਸਰਟੀਫਿਕੇਟ ਵੀ ਹਰ ਸਕੂਲ ਵਲੋਂ ਜਮ੍ਹਾਂ ਕਰਵਾਇਆ ਜਾਵੇ। ਮੰਡਲ ਸਿੱਖਿਆ ਅਫਸਰ ਅਤੇ ਜਿਲ੍ਹਾ ਸਿੱਖਿਆ ਅਫਸਰ ਹਰ ਹਫਤੇ ਸਕੂਲਾਂ ਦੇ ਅੰਕੜਿਆਂ ਸਬੰਧੀ ਰਿਪੋਰਟ ਜਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ ਤੋਂ ਲੈ ਕੇ ਡਿਫਾਲਟਰ ਸਕੂਲਾਂ ਖਿਲਾਫ ਢੁਕਵੀਂ ਕਾਰਵਾਈ ਕਰਨ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਆਪਣੇ ਅਧੀਨ ਆਉਂਦੇ ਸਕੂਲਾਂ ਨੂੰ ਢੁਕਵੀਆਂ ਹਦਾਇਤਾਂ ਜਾਰੀ ਕਰਨ ਹਿੱਤ ਭੇਜਿਆ ਜਾਂਦਾ ਹੈ :-**

1) ਡੀ.ਪੀ.ਆਈ. (ਸੈ.ਸਿ.), ਪੰਜਾਬ
2) ਡੀ.ਪੀ.ਆਈ.(ਐ.ਸਿ.), ਪੰਜਾਬ

## ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ) ਮਾਨਸਾ

ਪੱਤਰ ਨੰ:-3215 ਮਿਤੀ:-5/5/2017

ਉਪਰੋਕਤ ਵਿਸ਼ੇ ਸਬੰਧੀ ਸਮੂਹ ਸਕੂਲਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮੁੱਖ ਦਫਤਰ ਵੱਲੋ ਪ੍ਰਾਪਤ ਹੁਕਮਾਂ ਦੀ ਇਨ-ਬਿਨ ਪਾਲਨਾ ਕਰਦੇ ਹੋਏ ਸਕੂਲ ਦੇ ਵਿਦਿਆਰਥੀਆਂ,ਅਧਿਆਪਕਾਂ ਦਾ ਸਮੂਚਾ ਸਹੀ ਰਿਕਾਰਡ ਵਿਭਾਗ ਦੀ ਈ-ਪੰਜਾਬਸਕੂਲ ਵੈਬ ਸਾਈਟ ਉਪਰ ਮਿਥੀ ਮਿਤੀ ਤੱਕ ਅਪਡੇਟ ਕਰਕੇ ਅਪਰੂਵ ਕੀਤਾ ਜਾਵੇ।ਇਸ ਤੋਂ ਬਾਅਦ ਕਿਸੇ ਵੀ ਕਿਸਮ ਦੀ ਅਣਗਿਹਲੀ ਲਈ ਜਿੰਮੇਵਾਰੀ ਸਬੰਧਤ ਸਕੂਲ ਮੁਖੀ ਦੀ ਹੋਵੇਗੀ।